**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥੋਰਿਟੀ, ਪੰਜਾਬ**
**ਐਸ.ਸੀ.ਓ. ਨੰ : 104-106, ਦੂਜੀ ਮੰਜ਼ਿਲ, ਸੈਕਟਰ-34 ਏ, ਚੰਡੀਗੜ੍ਹ**

| ਟੈਲੀਫੋਨ | ਫੈਕਸ | ਈ-ਮੇਲ |
|---|---|---|
| 2271683/ 2621106 | 2624687 | punjabtrainings2011@gmail.com |

**ਵੱਲ**

ਸਮੂਹ ਪ੍ਰਿੰਸੀਪਲ ਸਰਕਾਰੀ ਇੰਨ ਸਰਵਿਸ ਟ੍ਰੇਨਿੰਗ ਸੈਂਟਰ (ਵੈਬ ਸਾਇਟ ਰਾਹੀਂ)
ਅਤੇ ਡਾਇਟ (ਫਤਿਹਗੜ੍ਹ ਸਾਹਿਬ,ਮੋਗਾ,ਮਾਨਸਾ,ਮੁਕਤਸਰ,ਨਵਾਂਸ਼ਹਿਰ)ਵੈਬ ਸਾਇਟ ਰਾਹੀਂ

**ਮੀਮੋ ਨੰ:ਸਸਅ/ਟੀ.ਟੀ/2011/22588-89**
**ਮਿਤੀ,ਚੰਡੀਗੜ੍ਹ:04.05.2011**

**ਵਿਸ਼ਾ: ਮਿਤੀ:25.04.2011 ਦੀ ਮੀਟਿੰਗ ਦੀ ਕਾਰਵਾਈ ਸਬੰਧੀ।**

**1.0** ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

**2.0** ਮਿਤੀ:25.04.2011 ਨੂੰ ਸਰਕਾਰੀ ਸੀਨੀ.ਸੈਕੰਡਰੀ ਸਕੂਲ ,ਫੇਜ਼ -3 ਬੀ-1,ਐਸ.ਏ.ਐਸ. ਨਗਰ ਵਿਖੇ ਆਯੋਜਿਤ ਮੀਟਿੰਗ ਦੌਰਾਨ ਮੁੱਖ ਦਫ਼ਤਰ ਦੇ ਟੀਚਰ ਟ੍ਰੇਨਿੰਗ ਕੰਪੋਨੇਂਟ ਅਧਿਕਾਰੀਆਂ ਵਲੋਂ ਆਪ ਜੀ ਨਾਲ ਅਗਾਮੀ ਮਹੀਨੀਆਂ ਵਿੱਚ ਕਰਵਾਈਆਂ ਜਾਣ ਵਾਲੀਆਂ ਅੱਪਰ ਪ੍ਰਾਇਮਰੀ ਅਧਿਆਪਕਾਂ ਦੀਆਂ ਟ੍ਰੇਨਿੰਗਜ਼ ਨਾਲ ਸਬੰਧਤ ਵੱਖ-ਵੱਖ ਗਤੀਵਿਧੀਆਂ ਤੇ ਵਿਸਥਾਰ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ ।

**3.0** ਮੀਟਿੰਗ ਦੀ ਕਾਰਵਾਈ ਦੌਰਾਨ (ਨਾਲ ਨੱਥੀ) ਲਏ ਗਏ ਫੈਸਲਿਆ ਅਨੁਸਾਰ ਗਤੀਵਿਧੀਆਂ ਨੂੰ ਸਮੁੱਚੇ ਢੰਗ ਨਾਲ ਨੇਪਰੇ ਚਾੜਣਾ ਯਕੀਨੀ ਬਣਾਇਆ ਜਾਵੇ।

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**

**ਪਿਠ ਅੰਕਣ ਨੰ:ਏਐਸਪੀਡੀ/ਟੀ.ਟੀ/2010-11/ ਉਕਤ ਮਿਤੀ: 04.05.2011**

ਇਸ ਦਾ ਉਤਾਰਾ ਨੂੰ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) (ਵੈਬ ਸਾਇਟ ਰਾਹੀਂ)
2. ਸਮੂਹ EPDC,MPDC, EMTs/MMTs (ਵੈਬ ਸਾਇਟ ਰਾਹੀਂ)
3. ਡੀ.ਐਮ.(ਐਮ.ਆਈ ਐਸ) ਵੈਬ ਸਾਇਟ ਤੇ ਪਾਉਣ ਲਈ

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**

## ਮੀਟਿੰਗ ਦੀ ਕਾਰਵਾਈ

**1.0 <u>ਸਾਲ 2011-12 ਦੀਆਂ ਵਿਸ਼ਾਵਾਰ ਟ੍ਰੇਨਿੰਗਜ਼ ਸਬੰਧੀ:-</u>** ਸਮੂਹ ਪ੍ਰਿੰਸੀਪਲ GISTCs/DIETs ਵਲੋਂ ਸਰਕਾਰੀ ਅਤੇ ਸਰਕਾਰੀ ਏਡਿਡ ਸਕੂਲਾਂ ਦੇ ਅੱਪਰ ਪ੍ਰਾਇਮਰੀ ਅਧਿਆਪਕਾਂ ਦੀ ਵਿਸ਼ਾਵਾਰ ਟ੍ਰੇਨਿੰਗਜ਼ ਦਾ ਮਾਈਕਰੋਪਲਾਨ ਤਿਆਰ ਕੀਤਾ ਜਾਵੇਗਾ।ਇਹ ਟ੍ਰੇਨਿੰਗ ਸੱਤ (7) ਫੇਜ਼ਾ ਵਿੱਚ ਕਰਵਾਈ ਜਾਵੇਗੀ।ਹਰ ਵਿਸ਼ੇ ਦੀ ਟ੍ਰੇਨਿੰਗ ਦੇ ਹਰ ਇੱਕ ਬੈਚ ਵਿੱਚ 40 ਤੋਂ 45 ਅਧਿਆਪਕ ਭਾਗ ਲੈਣਗੇ।ਇਹ ਟ੍ਰੇਨਿੰਗ ਮੁੱਖ ਦਫ਼ਤਰ ਵਲੋਂ ਮਿਥੀਆਂ ਮਿਤੀਆਂ ਅਨੁਸਾਰ ਕਰਵਾਈ ਜਾਵੇਗੀ।ਜਿਸ ਦੀ ਜਾਣਕਾਰੀ ਨੇੜੇ ਭਵਿੱਖ ਵਿੱਚ ਮੁੱਹਈਆ ਕਰਵਾਈ ਜਾਵੇਗੀ।

**2.0 <u>ਟ੍ਰੇਨਿੰਗ ਦੇ ਮਾਇਕਰੋਪਲਾਨ ਸਬੰਧੀ :-</u>** ਸਮੂਹ ਪ੍ਰਿੰਸੀਪਲ GISTCs/DIETs ਵਲੋਂ ਸਰਕਾਰੀ ਅਤੇ ਸਰਕਾਰੀ ਏਡਿਡ ਸਕੂਲਾਂ ਦੇ ਅੱਪਰ ਪ੍ਰਾਇਮਰੀ ਅਧਿਆਪਕਾਂ ਦੀ ਵਿਸ਼ਾਵਾਰ ਟ੍ਰੇਨਿੰਗਜ਼ ਦਾ ਮਾਈਕਰੋਪਲਾਨ ਮਿਤੀ:10.05.2011 ਤੱਕ (Hard Copy ਅਤੇ Soft Copy) ਮੁੱਖ ਦਫ਼ਤਰ ਵਿਖੇ ਪੁੱਜਦਾ ਕੀਤਾ ਜਾਵੇਗਾ ਅਤੇ ਇਸ ਦੀ ਇੱਕ ਕਾਪੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਪੁੱਜਦਾ ਕੀਤੀ ਜਾਵੇਗੀ ਤਾਂ ਜੋ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵਲੋਂ ਮਾਇਕਰੋਪਲਾਨ ਨੂੰ ਜਿਲ੍ਹੇ ਦੀ ਵੈਬ ਸਾਇਟ ਤੇ ਪਾ ਕੇ ਅਧਿਆਪਕਾਂ ਨੂੰ ਸਮੇਂ ਸਿਰ ਸੂਚਿਤ ਕੀਤਾ ਜਾ ਸਕੇ।ਜਿਥੋ ਤੱਕ ਸੰਭਵ ਹੋਵੇ ਮਾਇਕਰੋਪਲਾਨ ਤਿਆਰ ਕਰਦੇ ਸਮੇਂ ਇਸ ਗੱਲ ਦਾ ਵਿਸ਼ੇਸ ਧਿਆਨ ਰੱਖਿਆ ਜਾਵੇ ਕਿ ਇੱਕ ਸਕੂਲ ਵਿਚੋ ਇੱਕ ਵਿਸ਼ੇ ਦੇ ਸਾਰੇ ਅਧਿਆਪਕ ਇੱਕ ਸਮੇਂ ਤੇ ਟ੍ਰੇਨਿੰਗ ਵਿੱਚ ਭਾਗ ਨਹੀਂ ਲੈਣਗੇ।

**3.0 <u>ਟ੍ਰੇਨਿੰਗ ਦੇ ਰਿਸੋਰਸ ਪਰਸਨਜ਼ ਸਬੰਧੀ :</u>**- ਉਪਰੋਕਤ ਵਿਸ਼ਾਵਾਰ ਟ੍ਰੇਨਿੰਗਜ਼ ਵਿੱਚ ਕੇਵਲ ਮੁੱਖ ਦਫ਼ਤਰ ਵਲੋਂ ਟ੍ਰੇਨਡ ਰਿਸੋਰਸ ਪਰਸਨਜ਼ ਦੀ ਹੀ ਡਿਊਟੀ ਲਗਾਈ ਜਾਵੇ।ਜਿਹਨਾਂ ਦੇ ਨਾਂ ਦੀਆਂ ਲਿਸਟਾਂ,ਮੁੱਖ ਦਫ਼ਤਰ ਵਲੋਂ (ਵੱਖ-ਵੱਖ ਵਿਸ਼ਿਆ ਦੇ ਰਿਸੋਰਸ ਪਰਸਨਜ਼ ਦੀ ਟ੍ਰੇਨਿੰਗ ਕਰਵਾਉਣ ਉਪਰੰਤ) ਸਮੂਹ ਪ੍ਰਿੰਸੀਪਲ GISTCs/DIETs ਨੂੰ ਮੁੱਹਈਆ ਕਰਵਾਈਆਂ ਜਾਣਗੀਆਂ ।ਸਮੂਹ ਪ੍ਰਿੰਸੀਪਲ GISTCs/DIETs ਵਲੋਂ ਇਹਨਾਂ ਰਿਸੋਰਸ ਪਰਸਨਜ਼ ਦੇ ਨਾਂ ਟ੍ਰੇਨਿੰਗਜ਼ ਤੋਂ ਪਹਿਲਾ ਮਾਈਕਰੋਪਲਾਨ ਵਿੱਚ Incorporate ਕੀਤੇ ਜਾਣਗੇ ।

**4.0 <u>ਟ੍ਰੇਨਿੰਗ ਦੇ ਖਰਚੇ ਸਬੰਧੀ :</u>**- ਸਮੂਹ ਪ੍ਰਿੰਸੀਪਲ GISTCs/DIETs ਵਲੋਂ ਟ੍ਰੇਨਿੰਗ ਤੇ ਆਉਣ ਵਾਲਾ ਖਰਚਾ ਮੱਦ ਅਨੁਸਾਰ ਮੁੱਖ ਦਫ਼ਤਰ ਵਲੋਂ ਜਾਰੀ ਪੱਤਰ ਨੰ: ਸਸਅ /ਟੀ .ਟੀ/ 2011 / 21483, ਮਿਤੀ:22.04.2011 ਅਨੁਸਾਰ ਕੀਤਾ ਜਾਵੇਗਾ ਅਤੇ ਉਸ ਦਾ ਵੇਰਵਾ ਹਰ ਮਹੀਨੇ ਦੀ 10 ਤਾਰੀਖ ਤੱਕ ਮੁੱਖ ਦਫ਼ਤਰ ਨੂੰ ਮੱਦ ਅਨੁਸਾਰ ਪੁੱਜਦਾ ਕੀਤਾ ਜਾਵੇਗਾ।ਬਲਾਕ ਪੱਧਰ ਦੀਆਂ ਟ੍ਰੇਨਿੰਗਜ਼ (ਵਿਸ਼ਾਵਾਰ 5 ਰੋਜ਼ਾ ) ਵਿੱਚ ਦਿੱਤੀ ਜਾਣ ਵਾਲੀ ਸਟੇਸ਼ਨਰੀ ਟ੍ਰੇਨਿੰਗ ਦੇ ਪਹਿਲੇ ਦਿਨ ਹੀ ਇੱਕੋ ਵਾਰ ( 5 ਦਿਨ x 2 ਰੁਪਏ =10/-ਰੁ ਪ੍ਰਤੀ ਅਧਿਆਪਕ ਦੇ ਹਿਸਾਬ ਨਾਲ) ਦਿੱਤੀ ਜਾਵੇਗੀ।

**---------ਚੱਲਦਾ ਪਨ੍ਹਾ----------**

**5.0 ਟ੍ਰੇਨਿੰਗ ਦੇ ਸਥਾਨ (Venue) ਸਬੰਧੀ :** ਟ੍ਰੇਨਿੰਗ Venues ਦੀ ਪਹਿਚਾਣ ਕਰਨ ਉਪਰੰਤ ਅਤੇ ਮਾਈਕਰੋਪਲਾਨ ਤਿਆਰ ਕਰਨ ਤੋਂ ਪਹਿਲਾ ਟ੍ਰੇਨਿੰਗ Venues ਦੇ (ਸਕੂਲਾਂ) ਪ੍ਰਿੰਸੀਪਲਜ਼ ਨਾਲ ਇੱਕ ਮੀਟਿੰਗ ਸਬੰਧਤ ਪ੍ਰਿੰਸੀਪਲ GISTC/DIET ਵਲੋਂ ਕੀਤੀ ਜਾਵੇਗੀ। ਜਿਸ ਵਿੱਚ ਸਫਾਈ, ਠੰਡਾ ਪਾਣੀ,ਬਿਜਲੀ/ਜਰਨੇਟਰ,ਅਧਿਆਪਕਾਂ ਦੇ ਬੈਠਣ ਦੇ ਉਚਿਤ ਪ੍ਰਬੰਧ ਆਦਿ ਸਬੰਧੀ ਪ੍ਰਿੰਸੀਪਲ ਨਾਲ ਖੁੱਲ ਕੇ ਗੱਲ ਕੀਤੀ ਜਾਵੇ ਤਾਂ ਜੋ ਉਪਰੋਕਤ ਟ੍ਰੇਨਿੰਗ ਨੂੰ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ।

**6.0 Residential ਟ੍ਰੇਨਿੰਗ ਸਬੰਧੀ:-** ਸਮੂਹ ਪ੍ਰਿੰਸੀਪਲ GISTCs/DIETs ਵਲੋਂ ਜਿਲ੍ਹੇ ਦੇ ਲਗਭਗ 100 (ਸੌ)ਅੱਪਰ ਪ੍ਰਾਇਮਰੀ ਅਧਿਆਪਕਾਂ (ਇਛੁੱਕ) ਦੀ Residential ਟ੍ਰੇਨਿੰਗ ਕਰਵਾਉਣ ਸਬੰਧੀ ਮਾਈਕਰੋਪਲਾਨ ਤਿਆਰ ਕਰਕੇ ਮਿਤੀ:31.05.2011 ਤੱਕ ਮੁੱਖ ਦਫ਼ਤਰ ਨੂੰ ਪੁੱਜਦਾ ਕੀਤਾ ਜਾਵੇ।Residential ਟ੍ਰੇਨਿੰਗ ਸਬੰਧੀ ਅਧਿਆਪਕਾਂ ਨੂੰ Motivate ਕਰਨ ਉਪਰੰਤ ਹੀ ਉਹਨਾਂ ਦੇ ਨਾਂ ਮਾਈਕਰੋਪਲਾਨ ਵਿੱਚ ਸ਼ਾਮਿਲ ਕੀਤੇ ਜਾਣ।

**7.0 ਸਕੂਲ ਦਾ ਟਾਈਮ ਟੇਬਲ ਬਣਾਉਣ ਦੀਆਂ ਤਕਨੀਕਾਂ ਸਬੰਧੀ :-** ਸਮੂਹ ਜਿਲ੍ਹਿਆ ਦੇ ਪ੍ਰਿੰਸੀਪਲ GISTCs/DIETs ਵਲੋਂ ਸਕੂਲ ਦਾ ਟਾਈਮ ਟੇਬਲ ਬਣਾਉਣ ਦੀਆਂ ਤਕਨੀਕਾਂ ਸਬੰਧੀ ਲਗਭਗ 10 Points ਦਾ ਮਟੀਰੀਅਲ ਮਿਤੀ:10.05.2011 ਤੱਕ ਮੁੱਖ ਦਫ਼ਤਰ ਨੂੰ (ਈ-ਮੇਲ:punjabtrainings2011@gmail.com ਰਾਹੀ) ਪੁੱਜਦਾ ਕੀਤਾ ਜਾਵੇ।

**8.0 ਸਬੰਧਤ EPDC/MPDC ਵਲੋਂ Onsite ਟ੍ਰੇਨਿੰਗ ਦਾ ਰੋਸਟਰ ਪਲਾਨ ਪ੍ਰਾਪਤ ਕਰਨ ਸਬੰਧੀ :-** ਸਮੂਹ ਪ੍ਰਿੰਸੀਪਲ GISTCs/DIETs ਵਲੋਂ Onsite ਟ੍ਰੇਨਿੰਗ ਦੀ ਮੋਨੀਟਰਿੰਗ ਵੀ ਕੀਤੀ ਜਾਵੇਗੀ। ਇਸ ਸਬੰਧ ਵਿੱਚ ਹਰ ਮਹੀਨੇ ਜਿਲ੍ਹੇ ਦੇ EPDC/MPDC ਵਲੋਂ ਆਗਾਮੀ ਮਹੀਨੇ ਦੀ Onsite ਟ੍ਰੇਨਿੰਗ ਦਾ ਰੋਸਟਰ ਪਲਾਨ (15 ਰੋਜ਼ਾ) ਸਬੰਧਤ ਪ੍ਰਿੰਸੀਪਲ GISTC/DIET ਨੂੰ ਮੁਹੱਈਆ ਕਰਵਾਇਆ ਜਾਵੇਗਾ ਤਾਂ ਜੋ ਮੋਨੀਟਰਿੰਗ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ।

**9.0 ਇੰਡਕਸ਼ਨ ਟ੍ਰੇਨਿੰਗ (ਸਾਲ 2010-11) ਦੇ ਮਾਡਿਊਲਜ਼ ਪੁਜੱਦਾ ਕਰਨ ਸਬੰਧੀ:-**ਮਾਰਚ 2011 ਵਿੱਚ ਮੁੱਖ ਦਫ਼ਤਰ ਵਲੋਂ ਨਵ ਨਿਯੁਕਤ ਅਧਿਆਪਕਾਂ ਨੂੰ ਕਰਵਾਈ ਗਈ ਇੰਡਕਸ਼ਨ ਟ੍ਰੇਨਿੰਗ ਦੇ ਮਾਡਿਊਲਜ਼ ਜਿਲ੍ਹਿਆ ਵਿੱਚ ਸਬੰਧਤ GISTC/DIET ਨੂੰ ਮੁੱਖ ਦਫ਼ਤਰ ਵਲੋਂ ਪ੍ਰਾਪਤ ਹੋਣ ਉਪਰੰਤ ਉਹਨਾਂ ਵਲੋਂ ਸਬੰਧਤ EMTs/MMTs ਰਾਹੀ ਵੱਖ-ਵੱਖ ਸਕੂਲਾਂ ਵਿੱਚ ਟ੍ਰੇਨਿੰਗ ਲੈ ਚੁੱਕੇ ਸਬੰਧਤ ਅਧਿਆਪਕਾਂ ਨੂੰ ਪੁੱਜਦਾ ਕੀਤੇ ਜਾਣਗੇ।

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**